# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   15 ਫਰਵਰੀ 2026 ਦਿਨ ਐਤਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਫਰਵਰੀ ਮਹੀਨੇ ਦੀ ਮਾਤ ਭਾਸ਼ਾ ਨੂੰ ਸਮਰਪਿਤ "ਅੰਤਰਰਾਸ਼ਟਰੀ ਕਾਵਿ ਮਿਲਣੀ "ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ "

ਵਰਲਡ ਪੰਜਾਬੀ ਟਾਈਮਜ਼ – ਰਮਿੰਦਰ ਵਾਲੀਆ



ਬਰੈਂਪਟਨ , 15 ਫਰਵਰੀ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਪ੍ਰਧਾਨ , ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਅਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ ਆਨਲਾਈਨ ਮਹੀਨਾਵਾਰ " ਅੰਤਰਰਾਸ਼ਟਰੀ ਕਾਵਿ ਮਿਲਣੀ " ਦਾ ਆਯੋਜਨ 8 ਫਰਵਰੀ ਦਿਨ ਐਤਵਾਰ ਨੂੰ ਕੀਤਾ ਗਿਆ । ਫ਼ਰਵਰੀ ਮਹੀਨੇ ਦੀ ਕਾਵਿ ਮਿਲਣੀ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸੀ । ਇਸ ਕਾਵਿ ਮਿਲਣੀ ਦਾ ਮੰਚ ਸੰਚਾਲਨ ਕੀਤਾ ਰਿੰਟੂ ਭਾਟੀਆ ਜੀ ਨੇ ਕੀਤਾ ਜੋ ਬਹੁਤ ਕਾਬਿਲੇ ਤਾਰੀਫ਼ ਸੀ ।ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਨੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਮੂਹ ਮੈਂਬਰਜ਼ ਨੂੰ ਕਾਵਿ ਮਿਲਣੀ ਦੇ ਇਸ ਉਪਰਾਲੇ ਦੀ ਵਧਾਈ ਵੀ ਦਿੱਤੀ । ਮੀਟਿੰਗ ਦੀ ਸ਼ੁਰੂਆਤ ਰਮਿੰਦਰ ਰੰਮੀ ਨੇ ਸੱਭਨੂੰ ਰਸਮੀ ਜੀ ਆਇਆਂ ਕਹਿੰਦਿਆਂ ਹੋਇਆਂ ਕੀਤੀ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਸਭਾ ਵੱਲੋਂ ਹੋ ਰਹੇ ਕੰਮਾਂ ਦੀ ਜਾਣਕਾਰੀ ਵੀ ਸਾਂਝੀ ਕੀਤੀ । ਉਹਨਾਂ ਨੇ ਸੁਰਜੀਤ ਕੌਰ ਨੂੰ ਮਾਤ ਭਾਸ਼ਾ ਦਿਵਸ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਹਾ । ਉਹਨਾਂ ਦੱਸਿਆ ਕਿ ਸਾਨੂੰ ਆਪਣੀ ਭਾਸ਼ਾ ਨੂੰ ਸੰਭਾਲਣ ਲਈ ਸਾਡੇ ਕੁਝ ਫ਼ਰਜ਼ ਨੇ ਤੇ ਉਸਦੀ ਪ੍ਰਫੁੱਲਿਤਾ ਲਈ ਕੰਮ ਕਰਨਾ ਤੇ ਸਾਨੂੰ ਆਪ ਜਾਗਰੂਕ ਹੋਣਾ ਤੇ ਦੂਸਰੇ ਲੋਕਾਂ ਨੂੰ ਜਾਗਰੂਕ ਕਰਨਾ ਵੀ ਸਾਡਾ ਫ਼ਰਜ਼ ਹੈ । ਕੈਨੇਡਾ ਵਿੱਚ ਕਾਫ਼ੀ ਕੰਮ ਹੋ ਰਿਹਾ ਹੈ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ । ਦੇਖਣ ਵਿੱਚ ਆਉਂਦਾ ਹੈ ਕਿ ਪੰਜਾਬ ਵਿੱਚ ਜਿੱਥੇ ਕਿਤੇ ਬਾਹਰ ਨਿਕਲੀਏ ਤਾਂ ਹਿੰਦੀ ਬੋਲੀ ਜਾਂਦੀ ਹੈ । ਸਾਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚੇ ਜਿਹੜੀ ਮਰਜ਼ੀ ਭਾਸ਼ਾ ਬੋਲਣ ਪਰ ਪੰਜਾਬੀ ਵੀ ਸਿੱਖਣੀ ਤੇ ਬੋਲਣੀ ਚਾਹੀਦੀ ਹੈ । ਇਸ ਕਵੀ ਦਰਬਾਰ ਵਿਚ ਸਾਰੇ ਹੀ ਕਵੀਜਨ ਵਿਸ਼ੇਸ਼ ਮਹਿਮਾਨ ਸਨ । ਜਿਹਨਾਂ ਦੇ ਨਾਮ ਰਾਜਵਿੰਦਰ ਕੌਰ ਹੁੰਦਲ, ਗੁਰਚਰਨ ਸਿੰਘ ਜੋਗੀ,ਰਾਜਵੀਰ ਸੰਧੂ ਭਲੂਰੀਆ, ਕੁਲਵਿੰਦਰ ਸਿੰਘ ਗਾਖਲ ,ਸ਼ਾਮ ਸੰਧੂ, ਡਾ. ਪ੍ਰਭਜੋਤ ਕੌਰ,ਡਾ . ਸੁਖਪਾਲ ਕੌਰ , ਡਾ . ਅਰਮਾਨਪ੍ਰੀਤ ਸਿੰਘ ,ਡਾ . ਮਨਪ੍ਰੀਤ ਕੌਰ ਸਹੋਤਾ ,ਡਾ . ਆਂਚਲ ਅਰੋੜਾ ,ਅਮਾਰਾ ਸਾਇਮਾ ,ਡਾ . ਨਿਧੀ ਪਾਠਕ , ਹਰਸ਼ਰਨ ਕੌਰ , ਸਤਿੰਦਰ ਸਿੰਘ ਓਠੀ ਅਤੇ ਕਰਤਾਰ ਸਿੰਘ ਔਲਖ ਸਨ । ਰਿੰਟੂ ਜੀ ਨੇ ਮੀਟਿੰਗ ਦਾ ਆਗਾਜ਼ ਸੁਰਜੀਤ ਕੌਰ ਜੀ ਦੀ ਰਚਨਾ ( ਸਫ਼ਰ ਤੇ ਹਾਂ ) ਤੇ ਕੁਝ ਹੋਰ ਸ਼ਾਇਰਾਂ ਦੇ ਮਾਂ ਬੋਲੀ ਸੰਬੰਧੀ ਸ਼ੇਅਰ ਸੁਣਾ ਕੇ ਕੀਤਾ । ਤੇ ਫਿਰ ਰਿੰਟੂ ਜੀ ਨੇ ਵਾਰੀ ਵਾਰੀ ਸੱਭ ਦਾ ਤੁਆਰਫ਼ ਕਰਾ ਕੇ ਆਪਣੀ ਰਚਨਾ ਪੇਸ਼ ਕਰਨ ਲਈ ਕਿਹਾ । ਇਸ ਤਰਾਂ ਸੱਭ ਸ਼ਾਇਰਾਂ ਨੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀਆਂ ਰਚਨਾਵਾਂ ਨੂੰ ਪੇਸ਼ ਕੀਤਾ । ਸਾਰੇ ਸ਼ਾਇਰਾਂ ਦੀਆਂ ਰਚਨਾਵਾਂ ਬਾਕਮਾਲ ਸਨ । ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਕੋਆਰਡੀਨੇਟਰ ਸ . ਮਲੂਕ ਸਿੰਘ ਕਾਹਲੋਂ ਨੇ ਮਾਤ ਭਾਸ਼ਾ ਦਿਵਸ ਸੰਬੰਧੀ ਬਹੁਤ ਭਾਵਪੂਰਤ ਵਿਚਾਰ ਪੇਸ਼ ਕੀਤੇ । ਉਹਨਾਂ ਨੇ ਆਪਣੀਆਂ ਕੁਝ ਚਿੰਤਾਵਾਂ ਨੂੰ ਵੀ ਜ਼ਾਹਿਰ ਕੀਤਾ । ਉਹਨਾਂ ਨੇ ਇਹ ਵੀ ਕਿਹਾ ਕਿ ਸਾਨੂੰ ਇਸਦੀ ਪ੍ਰਫੁਲਤਾ ਲਈ ਰੱਲ ਕੇ ਯਤਨ ਕਰਨੇ ਚਾਹੀਦੇ ਹਨ ।ਪ੍ਰੋਗਰਾਮ ਨੂੰ ਸੱਮਅੱਪ ਤੋਂ ਪਹਿਲਾਂ ਰਮਿੰਦਰ ਰੰਮੀ ਦੀ ਰਚਨਾ ( ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ ) ਸਕਿੰਦਰ ਧਮੋਟ ਜੀ ਦੁਆਰਾ ਯੂ ਟਿਊਬ ਤੇ ਵੀਡੀਓ ਬਣਾ ਕੇ ਉਹਨਾਂ ਸ਼ੇਅਰ ਕੀਤੀ ਤੀਜੇ ਉਸ ਲਿੰਕ ਨੂੰ ਮੀਟਿੰਗ ਵਿੱਚ ਰੀਲੀਜ਼ ਕੀਤਾ ਗਿਆ ਜਿਸਨੂੰ ਸੱਭਨੇ ਪਸੰਦ ਕੀਤਾ ਤੇ ਵਧਾਈ ਵੀ ਦਿੱਤੀ । ਅੰਤ ਵਿਚ ਸ .ਪਿਆਰਾ ਸਿੰਘ ਕੁੱਦੋਵਾਲ ਆਪਣੇ ਵਿਲੱਖਣ ਅੰਦਾਜ਼ ਤੇ ਦਮਦਾਰ ਅਵਾਜ਼ ਵਿੱਚ ਪ੍ਰੋਗਰਾਮ ਨੂੰ ਸਮ ਅੱਪ ਕਰਦੇ ਹਨ । ਉਹਨਾਂ ਨੇ ਪਹਿਲਾਂ ਸਕਿੰਦਰ ਧਮੋਟ ਤੇ ਰਮਿੰਦਰ ਰੰਮੀ ਨੂੰ ਵਧਾਈ ਦਿੱਤੀ ਤੇ ਧੰਨਵਾਦ ਵੀ ਕੀਤਾ ਐਨੀ ਖ਼ੂਬਸੂਰਤ ਅਵਾਜ਼ ਨਾਲ ਵੀਡੀਓ ਬਣਾਉਣ ਲਈ । ਉਹ ਬਹੁਤ ਸ਼ਿੱਦਤ ਨਾਲ ਸਾਰਾ ਪ੍ਰੋਗਰਾਮ ਨਿਠ ਕੇ ਸੁਣਦੇ ਹਨ ਫਿਰ ਸੱਭ ਦੀਆਂ ਰਚਨਾਵਾਂ ਦੇ ਬਾਰੇ ਆਪਣੇ ਪ੍ਰਭਾਵ ਪੇਸ਼ ਕਰਦੇ ਹਨ ।ਉਹਨਾਂ ਕਿਹਾ ਸਾਰੇ ਹੀ ਕਵੀਆਂ ਨੇ ਬਹੁਤ
ਉੱਚਪਾਏ ਦੀਆਂ ਤੇ ਖ਼ੂਬਸੂਰਤ ਰਚਨਾਵਾਂ ਨੂੰ ਪੇਸ਼ ਕੀਤਾ । ਅੱਜ ਦੀ ਕਾਵਿ ਮਿਲਣੀ ਸਫ਼ਲ ਕਾਵਿ ਮਿਲਣੀ ਸੀ । ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਸ਼ਖ਼ਸੀਅਤਾਂ ਤੇ ਨਾਮਵਰ ਸ਼ਾਇਰਾਂ ਤੇ ਬਹੁਤ ਸਾਰੇ ਨਵੇਂ ਸ਼ਾਇਰਾਂ ਨੇ ਇਸ ਵਿੱਚ ਆਪਣੀ ਸ਼ਮੂਲੀਅਤ ਕੀਤੀ ਤੇ ਪ੍ਰੋਗਰਾਮ ਨੂੰ ਬਹੁਤ ਪਸੰਦ ਕੀਤਾ । ਅੰਤ ਵਿੱਚ ਰਮਿੰਦਰ ਰੰਮੀ ਨੇ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਆਪ ਸੱਭ ਦੇ ਪਿਆਰ , ਸਾਥ ਤੇ ਸਹਿਯੋਗ ਸਦਕਾ ਇਹ ਪ੍ਰੋਗਰਾਮ ਸਫ਼ਲ ਹੋ ਰਹੇ ਹਨ । ਇਸ ਸਫ਼ਲ ਪ੍ਰੋਗ੍ਰਾਮ ਲਈ ਤੇ ਕਾਮਯਾਬੀ ਲਈ ਆਪ ਸੱਭ ਵਧਾਈ ਦੇ ਪਾਤਰ ਹੋ ਧੰਨਵਾਦ ਸਹਿਤ ।

## ਵਿਸ਼ਵ ਅਨੀਮੀਆ ਜਾਗਰੂਕਤਾ ਦਿਵਸ ਮਨਾਇਆ ਗਿਆ

### ਯੂਕੋਨ ਤੇ ਹਸਪਤਾਲ ਦਾ ਸਾਂਝਾ ਉਪਰਾਲਾ

ਵਰਲਡ ਪੰਜਾਬੀ ਟਾਈਮਜ਼ – ਸ਼ਿਵਨਾਥ

ਫ਼ਰੀਦਕੋਟ 15 ਫਰਵਰੀ: ਸਥਾਨਕ ਯੂਕੋਨ (ਯੂਨੀਵਰਸਿਟੀ ਕਾਲਿਜ ਆਫ਼ ਨਰਸਿੰਗ) ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਅਤੇ ਹਸਪਤਾਲ ਦੇ ਬੱਚਾ ਵਿਭਾਗ ਦੇ ਸਾਂਝੇ ਉਪਰਾਲੇ ਅਧੀਨ ਪ੍ਰਿੰਸੀਪਲ ਡਾ. ਹਰਦੀਪ ਕੌਰ ਮੱਲ ਅਤੇ ਡਾ: ਸ਼ਸ਼ੀਕਾਂਤ ਧੀਰ ਦੀ ਸਾਂਝੀ ਅਗਵਾਈ ਹੇਠ ਵਿਸ਼ਵ ਅਨੀਮੀਆ ਜਾਗਰੂਕਤਾ ਦਿਵਸ ਮਨਾਇਆ ਗਿਆ। ਉਕਤ ਹਸਪਤਾਲ ਵਿਖੇ ਮਨਾਏ ਗਏ ਇਸ ਪ੍ਰਭਾਵਸ਼ਾਲੀ ਦਿਵਸ ਸਮਾਰੋਹ ਮੌਕੇ ਬੱਚਿਆਂ ਦੇ ਮਾਪਿਆਂ ਅਤੇ ਹੋਰਨਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਬੱਚਾ ਵਿਭਾਗ ਦੀ ਪ੍ਰੋ. ਵੰਦਨਾ ਅਤੇ ਐਸੋਸੀਏਟ ਪ੍ਰੋ. ਅਮਨਪ੍ਰੀਤ ਸਿੰਘ ਸੇਠੀ ਨੇ ਬੱਚਿਆਂ ਦੇ ਮਾਪਿਆਂ ਨੂੰ ਖ਼ੂਨ ਦੀ ਕਮੀ ਅਤੇ ਇਸ ਸਬੰਧੀ ਧਿਆਨ ਰੱਖਣ ਯੋਗ ਗੱਲਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਐੱਮ.ਐੱਸ.ਸੀ. ਅਤੇ



ਬੀ.ਐੱਸ.ਸੀ. ਦੇ ਪੋਸਟ ਬੇਸਿਕ ਵਿਦਿਆਰਥੀਆਂ ਵੱਲੋਂ ਨੁਕੜ ਨਾਟਕ ਦੇ ਮਾਧਿਅਮ ਰਾਹੀਂ ਆਮ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕਰਵਾਇਆ ਗਿਆ। ਮਾਪਿਆਂ ਵੱਲੋਂ ਵਿਸ਼ਵ ਅਨੀਮੀਆ ਜਾਗਰੂਕਤਾ ਦਿਵਸ ਦੀ ਸ਼ਲਾਘਾ ਕੀਤੀ ਅਤੇ ਜਾਣਕਾਰੀ ਹਿੱਤ ਪ੍ਰਸ਼ਨ ਵੀ ਸਾਂਝੇ ਕੀਤੇ। ਸਮਾਰੋਹ ਸਮੇਂ ਡਾ. ਪੰਕਜ ਬਾਂਸਲ ਅਤੇ ਡਾ. ਅਵਨੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਖ਼ੂਨ ਦੀ ਕਮੀ ਹੋ ਜਾਣ ਨਾਲ ਸਾਨੂੰ ਤੁਰੰਤ ਮਾਹਰ ਡਾਕਟਰ ਤੋਂ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਅਜਿਹੀ ਬਿਮਾਰੀ ਦੇ ਸ਼ਿਕਾਰ ਲੋਕਾਂ ਨੂੰ ਅੰਧ ਵਿਸ਼ਵਾਸ਼ੀ ਤਰੀਕੇ ਨਾ ਅਪਨਾਉਣ ਦੀ ਅਪੀਲ ਵੀ ਕੀਤੀ। ਉਹਨਾਂ ਅੱਗੇ ਕਿਹਾ ਕਿ ਛੋਟੇ ਬੱਚਿਆਂ ਵਿੱਚ ਖ਼ੂਨ ਦੀ ਕਮੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਸਮਾਰੋਹ ਦੌਰਾਨ ਯੂਕੋਨ ਦੀ ਪ੍ਰੋ. ਵੰਦਨਾ ਨੇ ਖ਼ੂਨ ਦੀ ਕਮੀ ਦੌਰਾਨ ਪੌਸ਼ਟਿਕ ਖੁਰਾਕ ਅਤੇ ਸੰਤੁਲਿਤ ਭੋਜਨ ਗ੍ਰਹਿਣ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਬੱਚਿਆਂ ਨੂੰ ਫਾਸਟ ਫੂਡ ਤੋਂ ਦੂਰ ਰੱਖਣ ਦੀ ਅਪੀਲ ਵੀ ਕੀਤੀ। ਸਮਾਰੋਹ ਮੌਕੇ ਯੂਕੋਨ ਦੇ ਹੋਰ ਫੈਕਲਟੀ ਮੈਂਬਰ ਸਿਮਰਨਜੀਤ ਕੌਰ, ਹਰਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਬੱਚਾ ਵਿਭਾਗ ਦੇ ਡਾ. ਪ੍ਰੋ. ਸੀਮਾ ਰਾਏ , ਡਾ. ਵਰੁਣ ਕੌਲ ,ਡਾ: ਅਨਮੋਲ, ਡਾ: ਅਸ਼ੀਸ਼ ਛਾਬੜਾ ਅਤੇ ਡਾ. ਸਤਪ੍ਰੀਤ ਸਿੰਘ ਸਮੇਤ ਹੋਰ ਨਰਸਿੰਗ ਸਟਾਫ ਵੀ ਮੌਜੂਦ ਸੀ।

## ਬੰਦੇ ਦੇ ਰੰਗ

ਝੂਠ ਨੂੰ ਇਹ ਸੱਚ ਬਣਾਉਂਦਾ
ਸੱਚ ਨੂੰ ਝੂਠ ਦਿਖਾਉਂਦਾ

ਤਰੀਕੇ ਕਮਾਲ ਨੇ
ਬੰਦੇ ਦੇ ਰੰਗ ਵੇਖ ਕੇ

ਗਿਰਗਿਟ ਵੀ ਹੈਰਾਨ ਨੇ।
ਮੂੰਹ ਤੋਂ ਰੱਬ ਦਾ ਨਾਮ ਹੈ ਲੈਂਦਾ

ਬਗਲ ਵਿੱਚ ਛੁਰੀ ਵੀ ਰੱਖਦਾ
ਛੱਡ ਦਿਓ ਨਸ਼ਾ ਲੋਕੋ ਕਹਿ ਕੇ

ਖੁਦ ਨਸ਼ੇ ਦਾ ਸਵਾਦ ਵੀ ਚੱਖਦਾ,
ਤੁਰੇ ਜਾਂਦੇ ਦੀ ਲੁੱਟ ਹੋ ਜਾਏ

ਕਿਸੇ ਨੂੰ ਦੱਸੇ ਆਪਣੀ ਹੱਡ ਬੀਤੀ
ਥਾਂ ਥਾਂ ਲਾ ਕੇ ਸੀਸੀਟੀਵੀ

ਬੰਦੇ ਤੋਂ ਬੰਦੇ ਨੇ ਰਾਖੀ ਕੀਤੀ,
ਗੱਲ ਕਹਿ ਕੇ ਅਮਲ ਨਾ ਕਰਨਾ

ਰੀਤ ਹੁਣ ਆਮ ਹੋ ਗਈ

ਮਿਲਾਵਟ ਕਰਕੇ ਚੀਜ਼ ਵੇਚਣੀ

ਬੰਦੇ ਦੀ ਲੁੱਟ ਸ਼ਰੇਆਮ ਹੋ ਗਈ,
ਮੂੰਹ ਤੇ ਮੀਆਂ ਮਿੱਠੂ ਬਣਦਾ

ਪਿੱਠ ਤੇ ਕਰ ਜਾਵੇ ਵਾਰ
ਧਰਮਿੰਦਰ ਨੂੰ ਵੀ ਸਮਝ ਨਾ

ਕੈਸਾ ਹੋਇਆ ਬੰਦੇ ਦਾ ਕਿਰਦਾਰ,
ਸੱਚੇ ਦੀ ਇਸ ਦੁਨੀਆ ਅੰਦਰ

ਝੂਠੇ ਕਿਉਂ ਪ੍ਰਧਾਨ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।

ਵਰਲਡ ਪੰਜਾਬੀ ਟਾਈਮਜ਼ – ਧਰਮਿੰਦਰ ਸਿੰਘ

## ਗੀਤਕਾਰ ਮਹਿੰਦਰ ਸੂਦ ਵਿਰਕ ਵੱਲੋਂ ਲਿਖਿਆ ਪੰਜਾਬੀ ਗੀਤ "ਇਸ਼ਕ ਹਕੀਕੀ" ਕੀਤਾ ਗਿਆ ਰਿਲੀਜ਼

ਵਰਲਡ ਪੰਜਾਬੀ ਟਾਈਮਜ਼ – ਸ਼ੁਸ਼ੀਲ ਸ਼ਰਮਾ




ਜਲੰਧਰ/ਵਿਰਕ 15 ਫਰਵਰੀ : ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਗੀਤਕਾਰ ਮਹਿੰਦਰ ਸੂਦ ਵਿਰਕ ਵੱਲੋਂ ਲਿਖੇ ਰੂਹਾਂ ਵਾਲੇ ਇਸ਼ਕ ਅਤੇ ਰੂਹਾਂ ਦੇ ਮਿਲਾਪ ਵਾਲੀ ਗੱਲ ਕਰਨ ਵਾਲੇ ਇੱਕ ਨਵੇਂ ਪੰਜਾਬੀ ਗੀਤ "ਇਸ਼ਕ਼ ਹਕੀਕੀ" ਨੂੰ ਅੱਜ ਸੂਦ ਵਿਰਕ ਲਾਈਵ ਪ੍ਰੋਡਕਸ਼ਨ ਵੱਲੋਂ ਰਿਲੀਜ਼ ਕੀਤਾ ਗਿਆ। ਗੀਤਕਾਰ ਸੂਦ ਵਿਰਕ ਨੇ ਗੱਲਬਾਤ ਦੌਰਾਨ ਕਿਹਾ ਕਿ ਇਹ ਉਹਨਾਂ ਦਾ ਪਹਿਲਾ ਪੰਜਾਬੀ ਗੀਤ ਹੈ ਕਿਉਂਕਿ ਇਸ ਤੋਂ ਪਹਿਲਾਂ ਉਹ ਅਨੇਕਾਂ ਹੀ ਧਾਰਮਿਕ ਟਰੈਕ ਸਰੋਤਿਆਂ ਦੇ ਰੂਬਰੂ ਕਰ ਚੁੱਕੇ ਹਨ। ਇਸ ਲਈ ਉਹਨਾਂ ਨੂੰ ਪੂਰੀ ਆਸ ਹੈ ਕਿ "ਇਸ਼ਕ ਹਕੀਕੀ" ਟਰੈਕ ਨੂੰ ਵੀ ਸਰੋਤਿਆਂ ਵੱਲੋਂ ਭਰਪੂਰ ਪਿਆਰ ਮਿਲੇਗਾ ਅਤੇ ਅੱਗੇ ਤੋਂ ਅੱਗੇ ਇਸ ਗੀਤ ਨੂੰ ਸਰੋਤਿਆਂ ਵੱਲੋਂ ਸ਼ੇਅਰ ਕੀਤਾ ਜਾਵੇਗਾ।

## ਸ਼ਿਵਰਾਤਰੀ

ਵਰਲਡ ਪੰਜਾਬੀ ਟਾਈਮਜ਼ – ਸੁਰਜੀਤ ਸਾਰੰਗ



ਸ਼ਿਵਰਾਤਰੀ ਇੱਕ ਮਹੱਤਵਪੂਰਨ ਹਿੰਦੂ ਤਿਉਹਾਰ ਹੈ ਜੋ ਕਿ ਭਗਵਾਨ ਸ਼ਿਵ ਦੇ ਸਨਮਾਨ ਵਿੱਚ ਮਨਾਇਆ ਜਾਂਦਾ ਹੈ। ਇਹ ਤਿਉਹਾਰ ਮਹਾ ਸ਼ਿਵਰਾਤਰੀ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਇਹ ਹਰ ਸਾਲ ਫੈਬਰਵਰੀ ਜਾਂ ਮਾਰਚ ਵਿੱਚ ਮਨਾਇਆ ਜਾਂਦਾ ਹੈ।

ਸ਼ਿਵਰਾਤਰੀ ਦਾ ਇਤਿਹਾਸ ਬਹੁਤ ਪੁਰਾਣਾ ਹੈ ਅਤੇ ਇਸਦਾ ਜ਼ਿਕਰ ਪੁਰਾਣਾਂ ਅਤੇ ਹਿੰਦੂ ਧਰਮ ਗ੍ਰੰਥਾਂ ਵਿੱਚ ਮਿਲਦਾ ਹੈ। ਇਸ ਤਿਉਹਾਰ ਦਾ ਮੁੱਖ ਉਦੇਸ਼ ਭਗਵਾਨ ਸ਼ਿਵ ਦੀ ਪੂਜਾ ਕਰਨਾ ਅਤੇ ਉਸਦੇ ਪ੍ਰਤੀ ਸ਼ਰਧਾ ਦਿਖਾਉਣਾ ਹੈ।

ਸ਼ਿਵਰਾਤਰੀ ਦੇ ਦਿਨ, ਲੋਕ ਸਵੇਰੇ ਜਲਦੀ ਉੱਠਦੇ ਹਨ ਅਤੇ ਸ਼ਿਵ ਮੰਦਰਾਂ ਵਿੱਚ ਜਾਂਦੇ ਹਨ ਜਿੱਥੇ ਉਹ ਭਗਵਾਨ ਸ਼ਿਵ ਦੀ ਪੂਜਾ ਕਰਦੇ ਹਨ ਅਤੇ ਉਸਦੇ ਪ੍ਰਤੀ ਸ਼ਰਧਾ ਦਿਖਾਉਂਦੇ ਹਨ। ਲੋਕ ਸ਼ਿਵਲਿੰਗ ਉੱਤੇ ਦੁਧ, ਦਹੀਂ, ਸ਼ਹਿਦ, ਅਤੇ ਫੁੱਲਾਂ ਦੀ ਚੜ੍ਹਾਵਾ ਕਰਦੇ ਹਨ ਅਤੇ ਭਗਵਾਨ ਸ਼ਿਵ ਦੀ ਆਰਤੀ ਕਰਦੇ ਹਨ।

ਸ਼ਿਵਰਾਤਰੀ ਦਾ ਤਿਉਹਾਰ ਰਾਤ ਭਰ ਚੱਲਦਾ ਹੈ ਅਤੇ ਲੋਕ ਰਾਤ ਨੂੰ ਜਾਗਰਤਾ ਕਰਦੇ ਹਨ ਅਤੇ ਭਗਵਾਨ ਸ਼ਿਵ ਦੀ ਪੂਜਾ ਕਰਦੇ ਹਨ। ਇਸ ਤਿਉਹਾਰ ਦਾ ਮੁੱਖ ਉਦੇਸ਼ ਭਗਵਾਨ ਸ਼ਿਵ ਦੀ ਪੂਜਾ ਕਰਨਾ ਅਤੇ ਉਸਦੇ ਪ੍ਰਤੀ ਸ਼ਰਧਾ ਦਿਖਾਉਣਾ ਹੈ।

ਸ਼ਿਵਰਾਤਰੀ ਦਾ ਤਿਉਹਾਰ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਵੀ ਮਨਾਇਆ ਜਾਂਦਾ ਹੈ ਜਿੱਥੇ ਹਿੰਦੂ ਭਗਤ ਰਹਿੰਦੇ ਹਨ। ਇਹ ਤਿਉਹਾਰ ਹਿੰਦੂ ਧਰਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਇਸਨੂੰ ਬਹੁਤ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

ਸ਼ਿਵਰਾਤਰੀ ਦਾ ਤਿਉਹਾਰ ਸਿਰਫ਼ ਭਗਵਾਨ ਸ਼ਿਵ ਦੀ ਪੂਜਾ ਕਰਨ ਲਈ ਹੀ ਨਹੀਂ ਬਲਕਿ ਇਹ ਤਿਉਹਾਰ ਸਾਡੇ ਜੀਵਨ ਵਿੱਚ ਸ਼ਾਂਤੀ, ਸਮਝ ਅਤੇ ਸਹਿਣਸ਼ੀਲਤਾ ਨੂੰ ਵਧਾਉਣ ਲਈ ਵੀ ਹੈ। ਇਸ ਤਿਉਹਾਰ ਦਾ ਮੁੱਖ ਉਦੇਸ਼ ਸਾਡੇ ਜੀਵਨ ਵਿੱਚ ਸ਼ਾਂਤੀ ਅਤੇ ਸਮਝ ਨੂੰ ਵਧਾਉਣਾ ਹੈ ਅਤੇ ਸਾਡੇ ਆਸ-ਪਾਸ ਦੇ ਲੋਕਾਂ ਨਾਲ ਪਿਆਰ ਅਤੇ ਸਹਿਣਸ਼ੀਲਤਾ ਨਾਲ ਰਹਿਣਾ ਹੈ।

## ਫ਼ੈਸਲਾ: ਰਿਸ਼ਤਿਆਂ ਦੀ ਸਾਂਝ

ਵਰਲਡ ਪੰਜਾਬੀ ਟਾਈਮਜ਼ – ਰਵਨਜੋਤ ਕੌਰ ਸਿੱਧੂ ' ਰਾਵੀ '




ਪਿੰਡ 'ਰੌਣਕਪੁਰ' ਦੀ ਸਵੇਰ ਅਜੇ ਪੂਰੀ ਤਰ੍ਹਾਂ ਜਾਗੀ ਨਹੀਂ ਸੀ। ਪੋਹ-ਮਾਘ ਦੀ ਸੰਘਣੀ ਧੁੰਦ ਨੇ ਪੂਰੇ ਖੇਤਾਂ ਨੂੰ ਆਪਣੀ ਚਿੱਟੀ ਬੁੱਕਲ ਵਿੱਚ ਲਿਆ ਹੋਇਆ ਸੀ। ਦੂਰੋਂ ਕਿਤੇ ਟਿਊਬਵੈੱਲ ਦੀ ਨਿਰੰਤਰ 'ਟੱਕ-ਟੱਕ' ਅਤੇ ਪੰਛੀਆਂ ਦੀ ਮੱਧਮ ਜਿਹੀ 'ਚਿਣ-ਚਿਣ' ਸੁਣਾਈ ਦੇ ਰਹੀ ਸੀ। ਵੇਖਣ ਨੂੰ ਸਭ ਕੁਝ ਸ਼ਾਂਤ ਸੀ, ਪਰ ਇਸ ਸ਼ਾਂਤੀ ਦੇ ਪਿੱਛੇ ਇੱਕ ਪਰਿਵਾਰਕ ਤੂਫ਼ਾਨ ਪਲ ਰਿਹਾ ਸੀ। ਕਰਮ ਸਿੰਘ ਦੇ ਖੇਤਾਂ ਵੱਲ ਜਾਣ ਵਾਲੀ ਪਗਡੰਡੀ 'ਤੇ ਅੱਜ ਅਜੀਬ ਜਿਹੀ ਹਲਚਲ ਸੀ। ਪਿੰਡ ਦਾ ਚੌਕੀਦਾਰ ਭਾਗੂ, ਆਪਣੀ ਭਾਰੀ ਡਾਂਗ ਖੜਕਾਉਂਦਾ ਹੋਇਆ ਉੱਥੋਂ ਲੰਘਿਆ। ਉਸ ਨੇ ਮਹਿਸੂਸ ਕੀਤਾ ਕਿ ਕਰਮ ਸਿੰਘ ਅਤੇ ਧਰਮ ਸਿੰਘ ਦੇ ਸਾਂਝੇ ਬੰਨੇ (ਵੱਟ) 'ਤੇ ਕੋਈ ਪਰਛਾਵਾਂ ਹਿੱਲ ਰਿਹਾ ਸੀ। "ਕੌਣ ਐ ਉੱਥੇ?" ਭਾਗੂ ਨੇ ਆਵਾਜ਼ ਦਿੱਤੀ, ਪਰ ਅੱਗੋਂ ਕੋਈ ਜਵਾਬ ਨਾ ਆਇਆ। ਭਾਗੂ ਆਪਣੇ ਆਪ ਵਿੱਚ ਬੁੜਬੁੜਾਇਆ, "ਲੱਗਦਾ ਐ ਅੱਜ ਦੁੱਧ 'ਚ ਕਾਂਜੀ ਘੁਲ ਕੇ ਰਹੂਗੀ।" ਉਸ ਦਾ ਇਸ਼ਾਰਾ ਉਨ੍ਹਾਂ ਦੋਵਾਂ ਸਕਿਆਂ ਭਰਾਵਾਂ ਵੱਲ ਸੀ, ਜੋ ਕਦੇ ਇੱਕ ਜਾਨ ਹੁੰਦੇ ਸਨ, ਪਰ ਅੱਜ ਦੋ ਫੁੱਟ ਜ਼ਮੀਨ ਲਈ ਅਦਾਲਤਾਂ ਅਤੇ ਪੰਚਾਇਤਾਂ ਦੇ ਗੇੜੇ ਕੱਢ ਰਹੇ ਸਨ। ਕਰਮ ਸਿੰਘ ਤੇ ਧਰਮ ਸਿੰਘ ਪਿੰਡ ਦੇ ਇੱਜ਼ਤਦਾਰ ਕਿਸਾਨ ਸਨ। ਵੱਡਾ ਭਰਾ ਕਰਮ ਸਿੰਘ ਸੁਭਾਅ ਦਾ ਕੱਟੜ ਅਤੇ 'ਕਾਨੂੰਨ ਦਾ ਪੱਕਾ' ਸੀ, ਜਦਕਿ ਛੋਟਾ ਭਰਾ ਧਰਮ ਸਿੰਘ ਨਰਮ ਦਿਲ ਅਤੇ ਭਾਵੁਕ ਸੀ। ਇਸ ਝਗੜੇ ਵਿੱਚ ਤੇਲ ਪਾਉਣ ਦਾ ਕੰਮ ਕਰ ਰਿਹਾ ਸੀ ਜੀਤੂ ਨੰਬਰਦਾਰ, ਜਿਸ ਦੀ ਚੌਧਰ ਹੀ ਦੂਜਿਆਂ ਦੇ ਕਲੇਸ਼ 'ਤੇ ਟਿਕੀ ਹੋਈ ਸੀ। ਘਰਾਂ ਵਿੱਚ ਵੀ ਬੇਚੈਨੀ ਸੀ। ਕਰਮ ਸਿੰਘ ਦੀ ਪਤਨੀ ਸੁਖਵਿੰਦਰ ਜਾਣਦੀ ਸੀ ਕਿ 'ਰਿਸ਼ਤਿਆਂ ਵਿੱਚ ਕਾਨੂੰਨ ਨਹੀਂ, ਲਿਹਾਜ਼ ਚੱਲਦਾ ਹੈ।' ਦੂਜੇ ਪਾਸੇ ਧਰਮ ਸਿੰਘ ਦੀ ਬੇਟੀ ਨੂਰ, ਜੋ ਸ਼ਹਿਰੋਂ ਪੜ੍ਹ ਕੇ ਆਈ ਸੀ, ਆਪਣੇ ਪਿਤਾ ਦੀਆਂ ਉਦਾਸ ਅੱਖਾਂ ਵੇਖ ਰਹੀ ਸੀ। ਜਦੋਂ ਉਸ ਨੇ ਪੁੱਛਿਆ, "ਬਾਪੂ, ਦੋ ਫੁੱਟ ਜ਼ਮੀਨ ਲਈ ਤੁਸੀਂ ਆਪਣਾ ਚੈਨ ਕਿਉਂ ਗੁਆ ਲਿਆ?" ਤਾਂ ਧਰਮ ਸਿੰਘ ਨੇ ਹਉਕਾ ਭਰ ਕੇ ਕਿਹਾ, "ਧੀਏ, ਗੱਲ ਜ਼ਮੀਨ ਦੀ ਨਹੀਂ, ਉਸ ਅਹਿਸਾਸ ਦੀ ਐ ਜਿਹੜਾ ਮੈਂ ਬਾਪੂ ਦੇ ਜਾਣ ਤੋਂ ਬਾਅਦ ਇਸ ਵੱਟ 'ਤੇ ਬਹਿ ਕੇ ਸਾਂਭਿਆ ਹੋਇਆ।"

ਦੁਪਹਿਰ ਵੇਲੇ ਪਿੰਡ ਦੇ ਪੁਰਾਣੇ ਬੋਹੜ ਹੇਠਾਂ ਪੰਚਾਇਤ ਜੁੜੀ। ਸਰਪੰਚ ਹਰਨਾਮ ਸਿੰਘ ਨੇ ਨਕਸ਼ਾ ਖੋਲ੍ਹਿਆ। ਕਰਮ ਸਿੰਘ ਨੇ ਬੜੇ ਰੋਅਬ ਨਾਲ ਕਿਹਾ, "ਮੈਂ ਤਾਂ ਸਿਰਫ਼ ਆਪਣੇ ਹੱਕ ਦੀ ਗੱਲ ਕਰਦਾਂ। ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ ਵਾਲੀ ਗੱਲ ਨਹੀਂ ਕਰਨੀ ਮੈਂ।" ਜੀਤੂ ਨੰਬਰਦਾਰ ਨੇ ਤੀਲੀ ਲਾਈ ਕਿ ਹੱਕ ਲਈ ਤਾਂ ਸਿਰ ਪੜਵਾ ਲੈਣਾ ਚਾਹੀਦਾ ਹੈ। ਤਾਂ ਹੀ ਪਿੰਡ ਦਾ ਮਜ਼ਾਕੀਆ ਪਰ ਸਿਆਣਾ ਪਾਤਰ ਪਾਲਾ ਅਮਲੀ ਬੋਲਿਆ, "ਨੰਬਰਦਾਰਾ, ਤੂੰ ਤਾਂ ਉਹ ਗੱਲ ਕਰਦੈਂ ਕਿ ਘਰ ਨੂੰ ਅੱਗ ਲਾ ਕੇ ਡੁੱਗਡੁੱਗੀ ਵਜਾਉਣੀ।" ਮਾਹੌਲ ਉਦੋਂ ਤਣਾਅਪੂਰਨ ਹੋ ਗਿਆ ਜਦੋਂ ਕਰਮ ਸਿੰਘ ਨੇ ਪੁਰਾਣਾ ਕਾਗਜ਼ ਕੱਢਿਆ ਜਿਸ 'ਤੇ ਬਾਪੂ ਦੇ ਅੰਗੂਠੇ ਦਾ ਨਿਸ਼ਾਨ ਸੀ। ਸਾਰੇ ਹੈਰਾਨ ਸਨ, ਪਰ ਉਦੋਂ ਹੀ ਬਾਬਾ ਨਿਹਾਲ ਸਿੰਘ ਨੇ ਅੱਗੇ ਵਧ ਕੇ ਉਹ ਕਾਗਜ਼ ਪਾੜ ਦਿੱਤਾ। ਸਾਰੀ ਪੰਚਾਇਤ ਦੰਗ ਰਹਿ ਗਈ। ਬਾਬਾ ਜੀ ਮੁਸਕਰਾਏ ਤੇ ਬੋਲੇ, "ਮੈਂ ਕਾਗਜ਼ ਨਹੀਂ ਪਾੜਿਆ, ਤੁਹਾਡੇ ਵਿਚਕਾਰਲੀ ਕੰਧ ਪਾੜੀ ਐ। ਹੱਥਾਂ ਦੀਆਂ ਲਕੀਰਾਂ ਨਾਲੋਂ ਮੱਥੇ ਦੀਆਂ ਸਾਂਝਾਂ ਵੱਡੀਆਂ ਹੁੰਦੀਆਂ ਨੇ।"

ਬਾਬਾ ਜੀ ਦੀ ਗੱਲ ਸੁਣ ਕੇ ਧਰਮ ਸਿੰਘ ਦੀਆਂ ਅੱਖਾਂ ਭਰ ਆਈਆਂ। ਉਸ ਨੇ ਕਰਮ ਸਿੰਘ ਦਾ ਹੱਥ ਫੜਿਆ ਤੇ ਕਿਹਾ, "ਵੀਰੇ, ਤੂੰ ਸਾਰੀ ਜ਼ਮੀਨ ਲੈ ਲੈ, ਬੱਸ ਮੇਰੇ ਨਾਲ ਬੋਲਣਾ ਨਾ ਛੱਡੀਂ।" ਕਰਮ ਸਿੰਘ ਦੀ ਆਕੜ ਪਾਣੀ ਵਾਂਗ ਵਹਿ ਗਈ। ਉਸ ਨੇ ਨਕਸ਼ਾ ਮੋੜ ਦਿੱਤਾ ਅਤੇ ਵੱਟ ਉੱਥੇ ਹੀ ਰਹਿਣ ਦਿੱਤੀ। ਪਰ ਸਾਜ਼ਿਸ਼ ਅਜੇ ਮੁੱਕੀ ਨਹੀਂ ਸੀ। ਜੀਤੂ ਨੰਬਰਦਾਰ ਨੇ ਕਰਮ ਸਿੰਘ ਦੇ ਸ਼ਹਿਰੋਂ ਪੜ੍ਹ ਕੇ ਆਏ ਪੁੱਤਰ ਜਗਤਾਰ ਨੂੰ ਭੜਕਾ ਦਿੱਤਾ। ਜਗਤਾਰ ਨੇ ਅਗਲੇ ਦਿਨ ਖੇਤਾਂ ਵਿੱਚ ਜਾ ਕੇ ਫ਼ੀਤਾ ਚੁੱਕ ਲਿਆ। ਨੂਰ ਦੇ ਸਮਝਾਉਣ 'ਤੇ ਵੀ ਉਹ ਨਾ ਮੰਨਿਆ। ਜਗਤਾਰ ਦੇ ਸਿਰ 'ਤੇ 'ਮੁਨਾਫ਼ੇ' ਦਾ ਭੂਤ ਸਵਾਰ ਸੀ। ਪਾਲਾ ਅਮਲੀ ਨੇ ਫਿਰ ਟੋਕਿਆ, "ਕਾਕਾ, ਜਿਸ ਦਿਨ ਤੂੰ ਵੱਟ ਢਾਹ ਕੇ ਕੰਧ ਕਰ ਲਈ, ਉਸ ਦਿਨ ਤੇਰੇ ਖੇਤ 'ਚ ਹਵਾ ਵੀ ਗੁਆਂਢੀ ਦੀ ਮਰਜ਼ੀ ਨਾਲ ਆਊਗੀ।"

ਉਸ ਰਾਤ ਕਰਮ ਸਿੰਘ ਨੇ ਅੱਖੀਂ ਵੇਖਿਆ ਕਿ ਜੀਤੂ ਦਾ ਬੰਦਾ ਸ਼ੇਰਾ ਵੱਟ ਦੇ ਨਿਸ਼ਾਨ ਮਿਟਾ ਰਿਹਾ ਸੀ ਅਤੇ ਜਗਤਾਰ ਚੁੱਪਚਾਪ ਖੜ੍ਹਾ ਸੀ। ਕਰਮ ਸਿੰਘ ਨੇ ਰੌਲਾ ਨਹੀਂ ਪਾਇਆ, ਸਗੋਂ ਸਬਰ ਤੋਂ ਕੰਮ ਲਿਆ। ਅਗਲੀ ਸਵੇਰ ਜਦੋਂ ਜਗਤਾਰ ਨੇ ਰੌਲਾ ਪਾਇਆ ਕਿ ਚਾਚੇ ਨੇ ਜ਼ਮੀਨ ਦੱਬ ਲਈ ਹੈ, ਤਾਂ ਪੰਚਾਇਤ ਫਿਰ ਜੁੜੀ। ਕਰਮ ਸਿੰਘ ਨੇ ਜਗਤਾਰ ਨੂੰ ਕਿਹਾ, "ਜਾਹ ਪੁੱਤ, ਫ਼ੀਤਾ ਚੁੱਕ ਕੇ ਮਿਣ ਲੈ।" ਜਦੋਂ ਜਗਤਾਰ ਨੇ ਮਿਣਤੀ ਕੀਤੀ, ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਰਾਤ ਨੂੰ ਸ਼ੇਰੇ ਨੇ ਜੀਤੂ ਦੇ ਕਹਿਣ 'ਤੇ ਵੱਟ ਅਜਿਹੇ ਤਰੀਕੇ ਨਾਲ ਬਦਲੀ ਸੀ ਕਿ ਕਰਮ ਸਿੰਘ ਦੀ ਆਪਣੀ ਜ਼ਮੀਨ ਘੱਟ ਗਈ ਸੀ। ਇਹ ਜੀਤੂ ਦੀ ਚਾਲ ਸੀ ਤਾਂ ਜੋ ਭਰਾ ਕਦੇ ਇੱਕ ਨਾ ਹੋ ਸਕਣ। ਕਰਮ ਸਿੰਘ ਨੇ ਸ਼ੇਰੇ ਨੂੰ ਬਾਂਹੋਂ ਫੜ ਕੇ ਪੇਸ਼ ਕੀਤਾ ਅਤੇ ਜਗਤਾਰ ਨੂੰ ਕਿਹਾ, "ਪੁੱਤ, ਜਦੋਂ ਅਸੀਂ ਬਿਗਾਨਿਆਂ ਦੀਆਂ ਗੱਲਾਂ 'ਚ ਆ ਕੇ ਆਪਣਿਆਂ ਦੇ ਗਲੇ ਵੱਢਦੇ ਹਾਂ, ਤਾਂ ਸਭ ਤੋਂ ਪਹਿਲਾਂ ਨੁਕਸਾਨ ਆਪਣਾ ਹੁੰਦਾ ਐ।"

ਸ਼ੇਰਾ ਬਾਬਾ ਨਿਹਾਲ ਸਿੰਘ ਦੇ ਪੈਰੀਂ ਪੈ ਗਿਆ ਅਤੇ ਜੀਤੂ ਨੰਬਰਦਾਰ ਦਾ ਭਾਂਡਾ ਚੌਰਾਹੇ ਫੁੱਟ ਗਿਆ। ਜਗਤਾਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਸ ਨੇ ਰੋਂਦੇ ਹੋਏ ਆਪਣੇ ਚਾਚੇ ਧਰਮ ਸਿੰਘ ਕੋਲੋਂ ਮਾਫ਼ੀ ਮੰਗੀ। ਧਰਮ ਸਿੰਘ ਨੇ ਉਸ ਨੂੰ ਕਲੇਜੇ ਨਾਲ ਲਾ ਲਿਆ ਅਤੇ ਕਿਹਾ, "ਖ਼ੂਨ ਕਦੇ ਪਾਣੀ ਨਹੀਂ ਹੁੰਦਾ ਪੁੱਤ।" ਬਾਬਾ ਨਿਹਾਲ ਸਿੰਘ ਨੇ ਐਲਾਨ ਕੀਤਾ ਕਿ ਹੁਣ ਇਸ ਵੱਟ 'ਤੇ ਕੋਈ ਕੰਧ ਨਹੀਂ, ਸਗੋਂ 'ਫਲਦਾਰ ਬੂਟੇ' ਲੱਗਣਗੇ। ਸੂਰਜ ਢਲ ਰਿਹਾ ਸੀ, ਪਰ ਖੇਤਾਂ ਵਿੱਚ ਹੁਣ ਤਣਾਅ ਨਹੀਂ, ਸਗੋਂ ਸ਼ਾਂਤੀ ਸੀ। ਨੂਰ ਅਤੇ ਜਗਤਾਰ ਨੇ ਮਿਲ ਕੇ ਉਸੇ ਵੱਟ 'ਤੇ ਨਿੰਮ ਦਾ ਬੂਟਾ ਲਾਇਆ। ਸੱਚਮੁੱਚ, ਤਰਕ ਹਾਰ ਗਿਆ ਸੀ ਅਤੇ ਤਿਆਗ ਜਿੱਤ ਗਿਆ ਸੀ। ਅਖ਼ਬਾਰ ਦੇ ਪਾਠਕਾਂ ਲਈ ਇਹ ਕਹਾਣੀ ਸਿਰਫ਼ ਇੱਕ ਕਲਪਨਾ ਨਹੀਂ, ਸਗੋਂ ਪੰਜਾਬ ਦੇ ਪਿੰਡਾਂ ਵਿੱਚ ਰਿਸ਼ਤਿਆਂ ਦੀ ਉਸ ਸਾਂਝ ਦਾ ਪ੍ਰਤੀਕ ਹੈ ਜੋ ਨਕਸ਼ਿਆਂ ਦੀ ਮੁਥਾਜ ਨਹੀਂ ਹੁੰਦੀ।